# ਅੱਜ ਅਤੇ ਕੱਲ੍ਹ ਲਈ ਰੁਜ਼ਗਾਰ

Ontario

## 2016 ਲਈ ਓਨਟਾਰੀਓ ਬਜਟ



ontario.ca/budget

# ਓਨਟਾਰੀਓ ਦੀ ਅਰਥ ਵਿਵਸਥਾ ਅੱਗੇ ਵੱਧ ਰਹੀ ਹੈ ਅਤੇ ਰੁਜ਼ਗਾਰ ਦੀ ਸਿਰਜਨਾ ਕਰ ਰਹੀ ਹੈ

ਸਾਡੇ ਲਈ ਸਭ ਤੋਂ ਜ਼ਰੂਰੀ ਕੰਮ ਹੈ ਅਰਥ ਵਿਵਸਥਾ ਦਾ ਵਿਕਾਸ ਕਰਨਾ ਅਤੇ ਰੁਜ਼ਗਾਰ ਦੀ ਸਿਰਜਨਾ ਕਰਨਾ।

ਸਾਡੀ ਯੋਜਨਾ ਦੇ ਕਾਰਗਰ ਹੋਣ ਦੇ ਸਬੂਤ:

- ਓਨਟਾਰੀਓ ਦਾ ਆਰਥਿਕ ਵਾਧਾ ਕੌਮੀ ਆਰਥਿਕ ਵਾਧੇ ਤੋਂ ਅੱਗੇ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਅਗਲੇ ਦੋ ਸਾਲਾਂ ਦੌਰਾਨ ਇਹ ਸੂਬਾ ਕੈਨੇਡਾ ਵਿਚ ਸਭ ਤੋਂ ਮਜ਼ਬੂਤ ਅਰਥ ਵਿਵਸਥਾਵਾਂ ਵਿੱਚੋਂ ਇੱਕ ਬਣਿਆ ਰਹੇਗਾ।
- 2009 ਦੀ ਮੰਦੀ ਦੇ ਬਾਅਦ ਓਨਟਾਰੀਓ ਨੇ 600,000 ਤੋਂ ਵੱਧ ਨੌਕਰੀਆਂ ਪੈਦਾ ਕੀਤੀਆਂ ਹਨ ਅਤੇ 2019 ਤਕ 300,000 ਤੋਂ ਵੱਧ ਹੋਰ ਨੌਕਰੀਆਂ ਸਿਰਜਨ ਦੀ ਯੋਜਨਾ ਹੈ, ਜਿਸਦਾ ਅਰਥ ਹੈ ਕਿ 10 ਸਾਲਾਂ ਦੀ ਅਵਧੀ ਦੌਰਾਨ ਪੈਦਾ ਕੀਤੀਆਂ ਨੌਕਰੀਆਂ ਦੀ ਕੁੱਲ ਸੰਖਿਆ 900,000 ਤੋਂ ਵੱਧ ਹੋ ਜਾਏਗੀ।

2015-2016 ਲਈ ਘਾਟੇ ਦਾ ਅਨੁਮਾਨ $5.7 ਬਿਲੀਅਨ ਹੈ ਜੋ 2015 ਦੇ ਬਜਟ ਵਿਚ ਪੂਰਵਾਨੁਮਾਨਿਤ ਘਾਟੇ ਤੋਂ $2.8 ਬਿਲੀਅਨ ਘੱਟ ਹੈ। 2016-17 ਲਈ ਸਰਕਾਰ ਦਾ ਪੂਰਵਾਨੁਮਾਨਿਤ ਘਾਟਾ $4.3 ਬਿਲੀਅਨ ਹੈ।

2017–18 ਵਿੱਚ ਓਨਟਾਰੀਓ ਆਪਣਾ ਬਜਟ ਸੰਤੁਲਤ ਕਰੇਗਾ ਅਤੇ ਨਾਲ ਹੀ ਅਜਿਹੇ ਨਿਵੇਸ਼ ਕਰਨਾ ਜਾਰੀ ਰੱਖੇਗਾ ਜੋ ਆਰਥਿਕ ਵਾਧੇ ਨੂੰ ਟੁੰਬਣਗੇ ਅਤੇ ਰੁਜ਼ਗਾਰ ਪੈਦਾ ਕਰਨਗੇ।







# ਇੱਕ ਨਿਆਂਕਾਰੀ ਸਮਾਜ: ਓਨਟਾਰੀਓ ਵਾਸੀਆਂ ਲਈ ਮੌਕਿਆਂ ਦੀ ਸਿਰਜਣਾ ਕਰ ਰਿਹਾ ਹੈ

ਸਾਰੇ ਓਨਟਾਰੀਓ ਵਾਸੀਆਂ ਨੂੰ ਇਹ ਹੱਕ ਹੈ ਕਿ ਉਹਨਾਂ ਦੀ ਸਮਰੱਥਾ ਨੂੰ ਪੂਰੀ ਤਰ੍ਹਾਂ ਵਿਕਸਤ ਹੋਣ ਦਾ ਮੌਕਾ ਮਿਲੇ। ਸਾਡੀ ਯੋਜਨਾ ਹੇਠਲੇ ਤਰੀਕਿਆਂ ਨਾਲ ਲੋਕਾਂ ਦੀ ਮਦਦ ਕਰਨਾ ਹੈ:

- ਪੰਜ ਸਾਲਾਂ ਦੌਰਾਨ $333 ਮਿਲੀਅਨ ਦੇ ਨਿਵੇਸ਼ ਰਾਹੀਂ ਆਟਿਜ਼ਮ ਵਾਲੇ ਬੱਚਿਆਂ ਅਤੇ ਕਿਸ਼ੋਰਾਂ ਲਈ ਸੇਵਾਵਾਂ ਨੂੰ ਬਿਹਤਰ ਬਣਾਉਣਾ।
- ਤਿੰਨ ਸਾਲਾਂ ਦੌਰਾਨ $178 ਮਿਲੀਅਨ ਦੇ ਨਿਵੇਸ਼ ਰਾਹੀਂ, ਸਸਤੀ ਹਾਊਸਿੰਗ ਲਈ ਲੰਮੇ ਅਰਸੇ ਦੀ ਰਣਨੀਤੀ (Long-Term Affordable Housing Strategy) ਤਹਿਤ, ਜ਼ਿਆਦਾ ਲੋਕਾਂ ਨੂੰ ਵਾਜਬ ਅਤੇ ਪੁੱਜਤ ਯੋਗ ਹਾਊਸਿੰਗ ਉਪਲਬਧ ਕਰਾਉਣਾ।
- 10 ਸਾਲਾਂ ਦੇ ਅੰਦਰ ਚਿਰਕਾਲੀ ਬੇਘਰੀ ਨੂੰ ਖਤਮ ਕਰਨ ਲਈ ਕੰਮ ਕਰਨਾ।
- ਲੰਮੇ ਅਰਸੇ ਦੀ ਰਣਨੀਤੀ ਰਾਹੀਂ ਸਵਦੇਸ਼ੀ ਔਰਤਾਂ ਵਿਰੁੱਧ ਹਿੰਸਾ ਨੂੰ ਖਤਮ ਕਰਨਾ।
- ਓਨਟਾਰੀਓ-ਵਰਕਸ (Ontario Works) ਪ੍ਰਾਪਤ ਕਰਨ ਵਾਲੇ ਬਾਲਗਾਂ ਅਤੇ ਓਨਟਾਰੀਓ ਅਸਮਰੱਥਾ ਸਹਾਇਤਾ ਪ੍ਰੋਗਰਾਮ (Ontario Disability Support Program) ਦੇ ਉੱਪਰ ਨਿਰਭਰ ਅਸਮਰੱਥਾ ਪੀੜਤ ਲੋਕਾਂ ਦੀ ਸਮਾਜਕ ਸਹਾਇਤਾ ਨੂੰ 1.5 ਪ੍ਰਤਿਸ਼ਤ ਵਧਾਉਣਾ, ਅਤੇ ਸਮਾਜਕ ਸਹਾਇਤਾ ਦੀਆਂ ਸਭ ਤੋਂ ਨੀਵੀਂਆਂ ਦਰਾਂ ਵਾਲੇ ਲੋਕਾਂ ਲਈ ਟਾਪ-ਅੱਪ।







# ਕਾਲਜ ਅਤੇ ਯੂਨੀਵਰਸਿਟੀ ਨੂੰ ਜ਼ਿਆਦਾ ਪੁੱਜਤ ਯੋਗ ਅਤੇ ਪਹੁੰਚ ਯੋਗ ਬਣਾਉਣਾ

ਸਕੂਲ ਵਰ੍ਹੇ 2017-18 ਤੋਂ ਓਨਟਾਰੀਓ ਕਾਲਜ ਅਤੇ ਯੂਨੀਵਰਸਿਟੀ ਸਿੱਖਿਆ ਨੂੰ ਜ਼ਿਆਦਾ ਸਸਤੀ ਅਤੇ ਪਹੁੰਚ ਯੋਗ ਬਣਾ ਰਿਹਾ ਹੈ ਅਤੇ ਸਾਡੀ ਯੋਜਨਾ ਭਵਿੱਖ ਦੇ ਰੁਜ਼ਗਾਰਾਂ ਲਈ ਜ਼ਿਆਦਾ ਵਿਦਿਆਰਥੀਆਂ ਨੂੰ ਤਿਆਰ ਕਰਨਾ ਹੈ। ਕੱਲ ਦੇ ਉੱਚ ਮਹਾਰਤਾਂ ਵਾਲੇ ਕਾਮਿਆਂ ਵਿਚ ਅਸੀਂ ਹੇਠਲੇ ਤਰੀਕਿਆਂ ਨਾਲ ਅੱਜ ਨਿਵੇਸ਼ ਕਰ ਰਹੇ ਹਾਂ:

- ਵਿਦਿਆਰਥੀਆਂ ਲਈ ਸਹਾਇਤਾ ਵਿਚ ਤਬਦੀਲੀਆਂ ਲਿਆਉਣਾ ਤਾਂ ਜੋ $50,000 ਜਾਂ ਘੱਟ ਆਮਦਨੀ ਵਾਲੇ ਮਾਲੀ ਤੌਰ ਤੇ ਲੋੜਵੰਦ ਪਰਿਵਾਰਾਂ ਤੋਂ ਆਏ ਵਿਦਿਆਰਥੀਆਂ ਲਈ ਔਸਤ ਟਿਊਸ਼ਨ ਮੁਫਤ ਹੋ ਜਾਏ, ਅਤੇ ਮੱਧ ਵਰਗ ਦੇ ਪਰਿਵਾਰਾਂ ਲਈ ਟਿਊਸ਼ਨ ਜ਼ਿਆਦਾ ਪੁੱਜਤ ਯੋਗ ਹੋ ਜਾਏ।
- $83,000 ਜਾਂ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਆਏ 50 ਪ੍ਰਤਿਸ਼ਤ ਤੋਂ ਵੱਧ ਵਿਦਿਆਰਥੀਆਂ ਨੂੰ ਵਾਪਸ ਨਾ ਮੋੜਨ ਵਾਲੀਆਂ ਔਸਤ ਟਿਊਸ਼ਨ ਤੋਂ ਵੱਧ ਰਕਮਾਂ ਦੀਆਂ ਗ੍ਰਾਂਟਾਂ ਦੇਣਾ।
- ਸੁਨਿਸ਼ਚਿਤ ਕਰਨਾ ਕਿ $50,000 ਤੋਂ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਆਏ ਵਿਦਿਆਰਥੀਆਂ ਦੇ ਕੋਈ ਸੂਬਾਈ ਵਿਦਿਆਰਥੀ ਰਿਣ ਨਾ ਹੋਣ।
- ਮੱਧ ਅਤੇ ਉੱਚ-ਮੱਧ ਵਰਗ ਦੇ ਪਰਿਵਾਰਾਂ ਲਈ ਵਿਆਜ-ਮੁਕਤ ਅਤੇ ਘੱਟ ਲਾਗਤ ਵਾਲੇ ਰਿਣਾਂ ਤਕ ਪਹੁੰਚ ਵਧਾਉਣਾ।
- ਪ੍ਰੌੜ ਅਤੇ ਸ਼ਾਦੀਸ਼ੁਦਾ ਵਿਦਿਆਰਥੀਆਂ ਲਈ ਮਾਲੀ ਸਹਾਇਤਾ ਦਾ ਵਿਸਤਾਰ ਕਰਨਾ।
- ਸੁਨਿਸ਼ਚਿਤ ਕਰਨਾ ਕਿ ਸਾਰੇ ਵਿਦਿਆਰਥੀ *ਓਨਟਾਰੀਓ ਟਿਊਸ਼ਨ ਗ੍ਰਾਂਟ* (Ontario Tuition Grant) ਦੇ ਤਹਿਤ ਸਥਿਤੀ ਵਾਂਗ ਜਾਂ ਉਸ ਤੋਂ ਬਿਹਤਰ ਸਥਿਤੀ ਵਿਚ ਹੋਣਗੇ।
- ਤਿੰਨ ਸਾਲਾਂ ਵਿਚ $97 ਮਿਲੀਅਨ ਦਾ ਨਿਵੇਸ਼ ਜਾਰੀ ਰੱਖ ਕੇ ਫਸਟ ਨੇਸ਼ਨ, ਮੇਟੀਸ ਅਤੇ ਇਨੁਇਟ ਸਿੱਖਿਆਰਥੀਆਂ ਲਈ ਸੈਕੰਡਰੀ-ਬਾਅਦ ਦੀ ਸਿੱਖਿਆ ਅਤੇ ਸਿਖਲਾਈ ਦੀ ਉਪਲਬਧਤਾ ਨੂੰ ਬਿਹਤਰ ਬਣਾਉਣਾ।







# ਰੋਜ਼ਾਨਾ ਜੀਵਨ ਜ਼ਿਆਦਾ ਆਸਾਨ ਬਣਾਉਣਾ

ਸਾਡੀ ਯੋਜਨਾ ਹੇਠਲੇ ਤਰੀਕਿਆਂ ਨਾਲ ਲਾਗਤਾਂ ਨੂੰ ਘਟਾ ਕੇ ਅਤੇ ਸੁਵਿਧਾਵਾਂ ਅਤੇ ਚੋਣ ਨੂੰ ਬਿਹਤਰ ਬਣਾ ਕੇ ਓਨਟਾਰੀਓ ਵਾਸੀਆਂ ਦੀ ਰੋਜ਼ ਦੀ ਜ਼ਿੰਦਗੀ ਨੂੰ ਜ਼ਿਆਦਾ ਆਸਾਨ ਬਣਾਉਣਾ ਹੈ:

- ਜਿਨ੍ਹਾਂ ਹਸਪਤਾਲਾਂ ਵਿਚ ਪਾਰਕਿੰਗ ਦਾ ਖਰਚਾ $10 ਪ੍ਰਤਿ ਦਿਨ ਤੋਂ ਵੱਧ ਹੈ ਉਥੇ ਹਸਪਤਾਲ ਦੀ ਅਕਸਰ ਵਰਤੋਂ ਕਰਨ ਵਾਲੇ ਲੋਕਾਂ ਲਈ ਪਾਰਕਿੰਗ ਫੀਸ ਘੱਟ ਕਰਨਾ।
- $30 ਡ੍ਰਾਈਵ-ਕਲੀਨ ਉਤਸਰਜਨ ਜਾਂਚ ਫੀਸ।
- 1 ਜਨਵਰੀ 2016 ਤੋਂ ਰਿਣ ਰਿਟਾਇਰਮੈਂਟ ਚਾਰਜ ਖਤਮ ਕਰਕੇ ਬਿਜਲੀ ਦੇ ਆਮ ਰਿਹਾਇਸ਼ੀ ਵਰਤੋਂ ਕਾਰ ਲਈ ਹਰ ਸਾਲ ਤਕਰੀਬਨ $70 ਦੀ ਬੱਚਤ ਕਰਨਾ।
- ਪੂਰੇ ਸੂਬੇ ਵਿਚ ਕਿਰਾਨਾ ਸਟੋਰਾਂ ਵਿਚ ਵਾਈਨ, ਬੀਅਰ ਅਤੇ ਸਾਈਡਰ ਦੀ ਵਿਕਰੀ ਸ਼ੁਰੂ ਕਰਕੇ ਉਪਭੋਗਤਾਵਾਂ ਲਈ ਸੁਵਿਧਾ ਅਤੇ ਚੋਣ ਵਧਾਉਣਾ।
- 9.5 ਮਿਲੀਅਨ ਤੋਂ ਵੱਧ ਡ੍ਰਾਈਵਰਾਂ ਲਈ ਆਟੋ ਬੀਮਾ ਦਾ ਖਰਚਾ ਘੱਟ ਕਰਨਾ।
- ਗ੍ਰੀਨ ਇਨਵੈਸਟਮੈਂਟ ਫੰਡ (Green Investment Fund) ਰਾਹੀਂ ਘਰਾਂ ਵਿਚ ਐਨਰਜੀ ਆਡਿਟ ਅਤੇ ਰੈਟ੍ਰੋਫਿਟ ਕਰਵਾ ਕੇ ਐਨਰਜੀ ਦੇ ਬਿੱਲਾਂ ਵਿਚ ਕਮੀ ਕਰਾਉਣਾ ਅਤੇ ਇਸ ਤਰ੍ਹਾਂ ਤਕਰੀਬਨ 37,000 ਪਰਿਵਾਰਾਂ ਦੀ ਮਦਦ ਕਰਨਾ।
- 65 ਅਤੇ 70 ਦੇ ਵਿਚਕਾਰ ਦੀ ਉਮਰ ਵਾਲੇ ਯੋਗ ਓਨਟਾਰੀਓ ਬਜ਼ੁਰਗਾਂ ਲਈ ਚਮੜੀ ਦੇ ਰੋਗ ਸ਼ਿੰਗਲਸ ਦਾ ਟੀਕਾ ਮੁਫਤ ਕਰ ਦੇਣਾ ਜਿਸ ਨਾਲ ਉਹਨਾਂ ਨੂੰ ਤਕਰੀਬਨ $170 ਦੀ ਬੱਚਤ ਹੋਵੇਗੀ।
- ਰਿਜਨਲ ਐਕਸਪ੍ਰੈਸ ਰੇਲ (Regional Express Rail) ਉੱਪਰ ਕੰਮ ਜਾਰੀ ਰੱਖਕੇ, ਗੋ ਟ੍ਰਾਂਜ਼ਿਟ (GO Transit) ਸੇਵਾਵਾਂ ਵਿਚ ਸੁਧਾਰ ਕਰਕੇ ਅਤੇ ਟਰਾਂਟੋ ਟ੍ਰਾਂਜ਼ਿਟ ਤੇ ਪ੍ਰੈਸਟੋ (PRESTO) ਕਿਰਾਇਆ ਕਾਰਡ ਵਿਵਸਥਾ ਚਾਲੂ ਰੱਖ ਕੇ ਆਵਾਜਾਈ ਦਾ ਸਮਾਂ ਘੱਟ ਕਰਨਾ ਅਤੇ ਯਾਤਰਾ ਜ਼ਿਆਦਾ ਆਰਾਮਦੇਹ ਬਣਾਉਣਾ।







ਹੋਰ ਜਾਣਕਾਰੀ ਲਈ ਦੇਖੋ ontario.ca/budget

# ਅੱਜ ਅਤੇ ਕੱਲ੍ਹ ਲਈ ਰੁਜ਼ਗਾਰ ਦੀ ਸਿਰਜਣਾ

ਓਨਟਾਰੀਓ ਦੀ ਯੋਜਨਾ ਸਾਡੀ ਸਭ ਤੋਂ ਪਹਿਲੀ ਤਰਜੀਹ - ਆਰਥਿਕ ਵਾਧਾ ਅਤੇ ਰੁਜ਼ਗਾਰ ਦੀ ਸਿਰਜਣਾ - ਨੂੰ ਹੇਠਲੇ ਤਰੀਕਿਆਂ ਨਾਲ ਅਮਲੀ ਰੂਪ ਦੇ ਰਹੀ ਹੈ:

- ਓਨਟਾਰੀਓ ਦੇ ਇਤਹਾਸ ਵਿੱਚ ਜਨਤਕ ਆਧਾਰਕ ਢਾਂਚੇ ਵਿਚ ਸਭ ਤੋਂ ਵੱਡਾ - 12 ਸਾਲਾਂ ਵਿਚ $160 ਬਿਲੀਅਨ - ਨਿਵੇਸ਼ ਕਰਕੇ ਹਰ ਸਾਲ ਔਸਤਨ 110,000 ਨੌਕਰੀਆਂ ਨੂੰ ਸਮਰਥਨ ਦੇਣਾ।
- ਜਲਵਾਯੂ ਵਿਚ ਤਬਦੀਲੀ ਖਿਲਾਫ ਲੜਾਈ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਸਾਫ-ਸੁਥਰੀ ਤਕਨਾਲੋਜੀਆਂ ਵਿਚ ਨਿਵੇਸ਼ ਕਰਨਾ।
- 10 ਸਾਲਾਂ ਵਿਚ ਨੌਕਰੀਆਂ ਅਤੇ ਖੁਸ਼ਹਾਲੀ ਫੰਡ (Jobs and Prosperity Fund) ਵਿਚ $2.7 ਬਿਲੀਅਨ ਦਾ ਨਿਵੇਸ਼ ਕਰਕੇ ਅੱਜ ਤਕ 16,000 ਤੋਂ ਵੱਧ ਨੌਕਰੀਆਂ ਪੈਦਾ ਕਰਨਾ ਅਤੇ ਬਰਕਰਾਰ ਰੱਖਣਾ।
- ਸ਼ੁਰੂਆਤੀ ਤਿੰਨ-ਸਾਲਾ $30 ਮਿਲੀਅਨ ਵਾਲੀ *ਗੋਇੰਗ ਗਲੋਬਲ ਐਕਸਪੋਰਟ ਰਣਨੀਤੀ* (Going Global Export Strategy) ਦੇ ਰਾਹੀਂ ਕੰਪਨੀਆਂ ਨੂੰ ਨਿਰਯਾਤ ਅਤੇ ਉਤਪਾਦਕਤਾ ਵਧਾਉਣ ਵਿਚ ਮਦਦ ਕਰਨਾ।
- ਪੰਜ ਸਾਲਾਂ ਦੌਰਾਨ $400 ਮਿਲੀਅਨ ਨਿਵੇਸ਼ ਵਾਲੀ *ਕਾਰੋਬਾਰ ਵਾਧਾ ਪਹਿਲ* (Business Growth Initiative) ਰਾਹੀਂ ਓਨਟਾਰੀਓ ਦੇ ਕਾਰੋਬਾਰਾਂ ਦੀ ਵਿਸ਼ਵ ਦੇ ਪੱਧਰ ਤੇ ਮੁਕਾਬਲਾ ਕਰਨ ਦੀ ਯੋਗਤਾ ਨੂੰ ਵਧਾਉਣਾ।

ਹੋਰ ਜਾਣਕਾਰੀ ਲਈ ਦੇਖੋ

ONTARIO.CA/BUDGET

ਟੋਲ ਫ੍ਰੀ:1-800-337-7222

TTY ਟੋਲ ਫ੍ਰੀ:1-800-263-7776

Disponible en français. | ©ਕੁਈਨਜ਼ ਪ੍ਰਿੰਟਰ ਫਾਰ ਓਨਟਾਰੀਓ, 2016